**ਆਪਣੀ ਬੱਚੇ ਦੀ ਸੀਟ ਸਹੀ ਤਰ੍ਹਾਂ ਵਰਤਣ ਵਾਸਤੇ ਸੇਧ ਲਈ ਨਿਸ਼ਾਨ ਲਾਉਣ ਵਾਲੀਆਂ ਇਹ ਲਿਸਟਾਂ ਦੇਖੋ।**

## ਵਰਤੋਂ ਦੀਆਂ ਦੋਨੋਂ ਦਿਸ਼ਾਵਾਂ

- ☐ ਗੱਡੀ ਅਤੇ ਬੱਚੇ ਦੀ ਕਾਰ ਸੀਟ ਦੇ ਮੈਨੂਅਲ ਪੜ੍ਹੋ
- ☐ ਬੱਚੇ ਦੀ ਸੀਟ ਗੱਡੀ ਦੀ ਅੱਗੇ ਨੂੰ ਮੂੰਹ ਵਾਲੀ ਸੀਟ ਉੱਪਰ ਹੈ (ਪਿਛਲੀ ਗਭਲੀ ਸੀਟ ਨੂੰ ਤਰਜੀਹ ਦਿੱਤੀ ਜਾਂਦੀ ਹੈ)
- ☐ ਯੂਨੀਵਰਸਲ ਐਂਕਰੇਜ ਸਿਸਟਮ (ਯੂ ਏ ਐੱਸ) ਜਾਂ ਸੀਟ ਬੈਲਟ, ਗੱਡੀ ਦੀ ਸੀਟ ਦੇ ਪਿਛਲੇ ਹਿੱਸੇ ਦੇ ਨੇੜੇ ਬੈਲਟ ਪਾਥ ਵਿਚ ਹੈ।
- ☐ ਸੀਟ ਬੈਲਟ ਲੌਕਡ ਹੈ
- ☐ ਕੱਸ ਕੇ ਸੁਰੱਖਿਅਤ – ਬੈਲਟ ਪਾਥ ’ਤੇ ਟੈੱਸਟ ਕਰਨ ਵੇਲੇ 2.5 ਸੈਂਟੀਮੀਟਰ (1") ਨਾਲੋਂ ਘੱਟ ਦੀ ਹਿਲਜੁਲ (ਪਾਸੇ ਤੋਂ ਪਾਸੇ/ਅੱਗੇ ਤੋਂ ਪਿੱਛੇ)
- ☐ ਹਾਰਨੈਸ ਬੰਨ੍ਹੀ ਹੋਈ ਹੈ (ਦੋਵੇਂ ਲੈਚ ਕੱਸੇ ਹੋਏ)
- ☐ ਹਾਰਨੈਸ ਸੁਰੱਖਿਅਤ ਹੈ – ਕਾਲਰਬੋਨ ’ਤੇ ਹਾਰਨੈਸ ਵਿਚ ਮੋੜ ਨਹੀਂ ਪਾਇਆ ਜਾ ਸਕਦਾ
- ☐ ਸੀਨੇ ਦਾ ਕਲਿੱਪ ਕੱਛ ਦੇ ਪੱਧਰ ’ਤੇ ਹੈ

## ਪਿੱਛੇ ਨੂੰ ਮੂੰਹ ਵਾਲੀ

- ☐ ਐਕਟਿਵ ਏਅਰਬੈਗ ਦੇ ਸਾਹਮਣੇ ਨਹੀਂ ਹੈ
- ☐ 45º ’ਤੇ ਪਿਛਾਂਹ ਨੂੰ ਝੁਕੀ
- ☐ ਹਾਰਨੈਸ ਬੱਚੇ ਦੇ ਮੋਢੇ ’ਤੇ ਜਾਂ ਹੇਠਾਂ ਹੈ
- ☐ ਹੈਂਡਲ ਦੀ ਪੋਜ਼ੀਸ਼ਨ, ਬੱਚੇ ਦੀ ਸੀਟ ਦੀਆਂ ਹਿਦਾਇਤਾਂ ਵਿਚ ਦੱਸੀ ਗਈ ਥਾਂ ’ਤੇ ਹੈ

## ਅੱਗੇ ਨੂੰ ਮੂੰਹ ਵਾਲੀ

- ☐ ਬੱਚੇ ਦੀ ਸੀਟ ਸਿੱਧੀ ਹੈ
- ☐ ਹਾਰਨੈਸ ਬੱਚੇ ਦੇ ਮੋਢੇ ’ਤੇ ਜਾਂ ਇਸ ਤੋਂ ਉੱਪਰ ਹੈ
- ☐ ਟੈਦਰ ਸਹੀ ਐਂਕਰ ਨਾਲ ਜੁੜੀ ਹੋਈ ਹੈ
- ☐ ਟੈਦਰ ਸੁਰੱਖਿਅਤ ਹੈ

## ਅਸੀਂ ਮਦਦ ਕਰਨ ਲਈ ਮੌਜੂਦ ਹਾਂ।

BCAA ਦਾ ਚਾਇਲਡ ਪੈਸੰਜਰ ਸੇਫਟੀ ਪ੍ਰੋਗਰਾਮ ਇਹ ਪੱਕਾ ਕਰਨ ਲਈ ਜਾਣਕਾਰੀ ਦਿੰਦਾ ਹੈ ਕਿ ਤੁਹਾਡੇ ਬੱਚੇ ਬੀ ਸੀ ਦੀਆਂ ਸੜਕਾਂ ਉੱਪਰ ਸਫਰ ਕਰਨ ਵੇਲੇ ਸੁਰੱਖਿਅਤ ਹਨ।


ਕਲਿੱਕ ਕਰੋ
bcaa.com/carseatsafety

ਫੋਨ ਕਰੋ (ਮੁਫਤ)
**1.877.247.5551**

ਈਮੇਲ
roadsafety@bcaa.com



ਇਹ ਜਾਣਕਾਰੀ bcaa.com ’ਤੇ ਹੋਰ ਬੋਲੀਆਂ ਵਿਚ ਵੀ ਉਪਲਬਧ ਹੈ। ਇਹ ਜਾਣਕਾਰੀ ਸੌਖੀ ਜ਼ਬਾਨ ਵਿਚ ਸਿਰਫ ਕੈਨੇਡਾ ਵਿਚ ਵਰਤੇ ਜਾਣ ਲਈ ਲਿਖੀ ਗਈ ਹੈ ਅਤੇ ਇਸ ਦਾ ਮਕਸਦ ਸਿਰਫ ਆਮ ਜਾਣਕਾਰੀ ਦੇਣਾ ਹੈ। ਕਿਸੇ ਵੀ ਚੀਜ਼ ਦਾ ਮਕਸਦ, ਕਾਨੂੰਨੀ ਜਾਂ ਪੇਸ਼ਾਵਰ ਸਲਾਹ ਦੇਣਾ ਜਾਂ ਕਿਸੇ ਝਗੜੇ, ਕਲੇਮ, ਐਕਸ਼ਨ, ਮੰਗ ਜਾਂ ਕਾਰਵਾਈ ਵਿਚ ਇਸ ਉੱਪਰ ਨਿਰਭਰ ਹੋਣਾ ਨਹੀਂ ਹੈ। BCAA ਇਸ ਲਿਖਤ ਵਿਚਲੀ ਜਾਣਕਾਰੀ ’ਤੇ ਨਿਰਭਰ ਕਰਨ ਦੇ ਨਤੀਜੇ ਵਜੋਂ ਹੋਏ ਕਿਸੇ ਵੀ ਨੁਕਸਾਨ ਜਾਂ ਲੱਗੀ ਸੱਟ ਲਈ ਜ਼ਿੰਮੇਵਾਰੀ ਨਹੀਂ ਲੈਂਦੀ।



1-0200-3 10/23


BCAA ਸੜਕ ’ਤੇ ਸੁਰੱਖਿਆ

# ਬੱਚੇ ਦੀ ਸਹੀ ਕਾਰ ਸੀਟ ਦੀ ਚੋਣ ਕਰਨਾ

BCAA ਦਾ ਚਾਇਲਡ ਪੈਸੰਜਰ ਸੇਫਟੀ ਪ੍ਰੋਗਰਾਮ



# ਤੁਹਾਡੇ ਬੱਚੇ ਲਈ ਕਿਹੜੀ ਸੀਟ ਸਹੀ ਹੈ?

## ਜਨਮ ਤੋਂ ਇਕ ਸਾਲ

ਪਹਿਲੇ ਸਾਲ ਲਈ, ਤੁਹਾਡਾ ਬੱਚਾ ਹੇਠਾਂ ਦਿਖਾਏ ਵਾਂਗ ਪਿੱਛੇ ਨੂੰ ਮੂੰਹ ਵਾਲੀ ਬੱਚੇ ਦੀ ਕਾਰ ਸੀਟ ਵਰਤਦਾ ਹੈ।



ਇਨਫੈਂਟ (ਬਾਲ) ਸੀਟ



ਇਨਫੈਂਟ (ਬਾਲ)/ਬੱਚੇ ਲਈ ਸੀਟ (ਬਦਲਣਯੋਗ)

## ਇਕ ਸਾਲ ਤੋਂ ਵੱਧ

ਜਦੋਂ ਤੁਹਾਡਾ ਬੱਚਾ ਇਕ ਸਾਲ ਤੋਂ ਵੱਧ ਦਾ ਅਤੇ 10 ਕਿਲੋਗ੍ਰਾਮ (22 ਪੌਂਡ) ਨਾਲੋਂ ਜ਼ਿਆਦਾ ਭਾਰ ਦਾ ਹੋ ਜਾਂਦਾ ਹੈ ਤਾਂ ਉਹ ਅੱਗੇ ਨੂੰ ਮੂੰਹ ਵਾਲੀ ਬੱਚੇ ਦੀ ਕਾਰ ਸੀਟ ਵਰਤਣ ਦੇ ਯੋਗ ਹੋ ਸਕਦਾ ਹੈ। ਸਦਾ ਬੱਚੇ ਦੀ ਸੀਟ ਦੇ ਮੈਨੂਅਲ ਵਿਚਲੀਆਂ ਹਿਦਾਇਤਾਂ ਚੈੱਕ ਕਰੋ।



**ਨੋਟ:** ਆਪਣੇ ਬੱਚੇ ਨੂੰ ਉਦੋਂ ਤੱਕ ਪਿੱਛੇ ਨੂੰ ਮੂੰਹ ਵਾਲੀ ਸੀਟ ਵਿਚ ਰੱਖੋ ਜਦ ਤੱਕ ਉਹ ਪਿੱਛੇ ਨੂੰ ਮੂੰਹ ਵਾਲੀ ਸੀਟ ਦੇ ਭਾਰ ਜਾਂ ਉਚਾਈ ਦੀ ਹੱਦ ਤੱਕ ਨਹੀਂ ਪਹੁੰਚ ਜਾਂਦਾ। ਪਿੱਛੇ ਨੂੰ ਮੂੰਹ ਵਾਲੀ ਸੀਟ ਦੇ ਭਾਰ ਅਤੇ ਉਚਾਈ ਦੀਆਂ ਹੱਦਾਂ ਲਈ ਸੀਟ ’ਤੇ ਲੇਬਲ ਜਾਂ ਮੈਨੂਅਲ ਚੈੱਕ ਕਰੋ।

- ਜਦੋਂ ਤੁਹਾਡਾ ਬੱਚਾ ਇਨਫੈਂਟ ਸੀਟ ਤੋਂ ਵੱਡਾ ਹੋ ਜਾਵੇ ਤਾਂ ਉਸ ਨੂੰ ਪਿੱਛੇ ਨੂੰ ਮੂੰਹ ਵਾਲੀ ਇਨਫੈਂਟ/ਚਾਇਲਡ ਜਾਂ ਇਨਫੈਂਟ/ਚਾਇਲਡ/ਬੂਸਟਰ ਸੀਟ ਵਿਚ ਪਾਉ।
- ਜਦੋਂ ਤੁਹਾਡਾ ਬੱਚਾ ਆਪਣੀ ਪਿੱਛੇ ਨੂੰ ਮੂੰਹ ਵਾਲੀ ਸੀਟ ਦੇ ਭਾਰ ਜਾਂ ਉਚਾਈ ਦੀਆਂ ਹੱਦਾਂ ਤੱਕ ਪਹੁੰਚ ਜਾਵੇ ਤਾਂ ਉਸ ਨੂੰ ਅੱਗੇ ਨੂੰ ਮੂੰਹ ਵਾਲੀ ਸੀਟ ਵਿਚ ਪਾਉਣਾ ਸ਼ੁਰੂ ਕਰੋ।
- ਆਪਣੇ ਬੱਚੇ ਨੂੰ ਉਦੋਂ ਤੱਕ ਅੱਗੇ ਨੂੰ ਮੂੰਹ ਵਾਲੀ ਸੀਟ ਵਿਚ ਰੱਖੋ ਜਦ ਤੱਕ ਉਹ ਉਸ ਸੀਟ ਦੇ ਭਾਰ ਜਾਂ ਉਚਾਈ ਦੀ ਹੱਦ ਤੱਕ ਨਹੀਂ ਪਹੁੰਚ ਜਾਂਦਾ।

## ਨੌਂ ਸਾਲਾਂ ਤੋਂ ਥੱਲੇ

ਜਦੋਂ ਤੁਹਾਡਾ ਬੱਚਾ 18 ਕਿਲੋਗ੍ਰਾਮ (40 ਪੌਂਡ) ਦੇ ਭਾਰ ’ਤੇ ਪਹੁੰਚ ਜਾਵੇ ਤਾਂ ਉਹ ਹਾਰਨੈਸਿਡ (ਵੱਧਰੀਆਂ ਵਾਲੀ) ਬੱਚੇ ਦੀ ਅੱਗੇ ਨੂੰ ਮੂੰਹ ਵਾਲੀ ਸੀਟ ਵਿਚ ਰਹਿ ਸਕਦਾ ਹੈ ਜਾਂ ਬੂਸਟਰ ਸੀਟ ਦੀ ਵਰਤੋਂ ਕਰ ਸਕਦਾ ਹੈ।

**ਨੋਟ: ਆਪਣੇ ਬੱਚੇ ਨੂੰ ਉਦੋਂ ਤੱਕ ਹਾਰਨੈਸਿਡ (ਵੱਧਰੀਆਂ ਵਾਲੀ) ਬੱਚੇ ਦੀ ਅੱਗੇ ਨੂੰ ਮੂੰਹ ਵਾਲੀ ਸੀਟ ਵਿਚ ਰੱਖੋ ਜਦ ਤੱਕ ਉਹ ਅੱਗੇ ਨੂੰ ਮੂੰਹ ਵਾਲੀ ਸੀਟ ਦੇ ਭਾਰ ਜਾਂ ਉਚਾਈ ਦੀ ਹੱਦ ਤੱਕ ਨਹੀਂ ਪਹੁੰਚ ਜਾਂਦਾ। ਅੱਗੇ ਨੂੰ ਮੂੰਹ ਵਾਲੀ ਸੀਟ ਦੇ ਭਾਰ ਅਤੇ ਉਚਾਈ ਦੀਆਂ ਹੱਦਾਂ ਲਈ ਸੀਟ ’ਤੇ ਲੇਬਲ ਜਾਂ ਮੈਨੂਅਲ ਚੈੱਕ ਕਰੋ।**

- ਬੂਸਟਰ ਸੀਟਾਂ 18 ਕਿਲੋਗ੍ਰਾਮ (40 ਪੌਂਡ) ਤੋਂ ਜ਼ਿਆਦਾ ਭਾਰ ਵਾਲੇ ਬੱਚਿਆਂ ਲਈ ਉਦੋਂ ਤੱਕ ਹਨ ਜਦ ਤੱਕ ਉਹ ਨੌਂ ਸਾਲ ਦੇ ਨਹੀਂ ਹੋ ਜਾਂਦੇ ਜਾਂ ਉਨ੍ਹਾਂ ਦਾ ਕੱਦ 145 ਸੈਂਟੀਮੀਟਰ (4'9") ਨਹੀਂ ਹੋ ਜਾਂਦਾ।
- ਬੂਸਟਰ ਸੀਟ, ਸੀਟ ਬੈਲਟ ਨੂੰ ਮੋਢੇ ਉੱਤੋਂ ਦੀ ਅਤੇ ਸੀਨੇ ਅਤੇ ਚੂਲ਼ਿਆਂ ਉੱਪਰ ਸਹੀ ਢੰਗ ਨਾਲ ਰੱਖਣ ਲਈ ਬੱਚੇ ਨੂੰ ਉੱਚਾ ਕਰਦੀ ਹੈ।
- ਬੂਸਟਰ ਸੀਟਾਂ ਮੋਢੇ/ਗੋਦੀ ਵਾਲੀ ਸੀਟ ਬੈਲਟ ਨਾਲ ਵਰਤਣੀਆਂ ਜ਼ਰੂਰੀ ਹਨ।

